General Certificate of Education
Advanced Level Examination
June 2013

# Panjabi PANJ2

**Unit 2 Reading and Writing**

# Insert

**Section 3 Writing Questions 3, 4, 5 and 6**

A

## Section 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

### Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ
**(The British – Panjabi Short Story)**

**Question 3**

**EITHER**

**3 (a)** "ਕਹਾਣੀ ਨੂੰ ਦਿਲਚਸਪ ਬਨਾਉਣ ਲਈ ਲੇਖਕ ਉਸ ਦੇ ਵਿਸ਼ੇ, ਪਾਤਰ, ਸਮੇਂ ਅਤੇ ਘਟਨਾ ਵਾਲੀ ਥਾਂ ਦੀ ਚੋਣ ਬੜੇ ਧਿਆਨ ਨਾਲ ਕਰਦਾ ਹੈ।" ਬਰਤਾਨਵੀ ਪੰਜਾਬੀ ਕਹਾਣੀਆਂ ਦੀ ਜੋ ਵੀ ਕਿਤਾਬ ਤੁਸੀਂ ਪੜ੍ਹੀ ਹੈ, ਉਸ ਵਿੱਚ ਕਹਾਣੀਆਂ ਨੂੰ ਦਿਲਚਸਪ ਬਨਾਉਣ ਲਈ ਇਨ੍ਹਾਂ ਤੱਤਾਂ ਦਾ ਕੀ ਯੋਗਦਾਨ ਹੈ? ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ। *(30 marks)*

**OR**

**3 (b)** " ਇੱਕ ਚੰਗਾ ਕਹਾਣੀਕਾਰ ਕਹਾਣੀਆਂ ਵਿੱਚ ਪਾਠਕਾਂ ਨੂੰ ਸਮਾਜ ਦੇ ਰੀਤੀ-ਰਿਵਾਜਾਂ ਅਤੇ ਲੋਕਾਂ ਦੇ ਰਹਿਣ ਸਹਿਣ ਨਾਲ ਸਬੰਧਿਤ ਪੱਖਾਂ ਤੋਂ ਵੀ ਜਾਣੂ ਕਰਵਾ ਦਿੰਦਾ ਹੈ।" ਜੋ ਵੀ ਬਰਤਾਨਵੀ ਪੰਜਾਬੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਦਾ ਲੇਖਕ ਅਜਿਹਾ ਕਰਨ ਵਿੱਚ ਕਿੱਥੋਂ ਤੱਕ ਸਫਲ ਰਿਹਾ ਹੈ? ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਆਪਣਾ ਉੱਤਰ ਉਦਾਹਰਣਾਂ ਸਹਿਤ ਲਿਖੋ। *(30 marks)*

### Topic 2

## ਪੰਜਾਬੀ ਨਾਵਲ

**(The Panjabi Novel)**

**Question 4**

**EITHER**

**4 (a)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਵਾਪਰ ਰਹੀਆਂ ਘਟਨਾਵਾਂ ਨਾਵਲ ਦੇ ਵਿਸ਼ੇ ਵਸਤੂ ਨੂੰ ਸਮਝਣ ਅਤੇ ਅੱਗੇ ਵਧਾਉਣ ਵਿੱਚ ਕਿਵੇਂ ਸਹਾਇਤਾ ਕਰਦੀਆਂ ਹਨ ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ । *(30 marks)*

**OR**

**4 (b)** ਬਹੁਤੇ ਪੰਜਾਬੀ ਨਾਵਲਾਂ ਵਿੱਚ ਅਜੇ ਵੀ ਮਰਦ ਪ੍ਰਧਾਨ ਪੰਜਾਬੀ ਸਮਾਜ ਪੇਸ਼ ਕੀਤਾ ਗਿਆ ਹੈ । ਜਿਹੜਾ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਮਰਦ ਅਤੇ ਔਰਤ ਦੇ ਰਿਸ਼ਤਿਆਂ ਵਿੱਚ ਕਿੰਨੀ ਕੁ ਬਰਾਬਰਤਾ ਦਿਖਾਈ ਗਈ ਹੈ ? ਇਸ ਦੀ ਅੱਜ ਦੇ ਸਮਾਜ ਨਾਲ ਤੁਲਨਾ ਕਰਦੇ ਹੋਏ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ । *(30 marks)*

### Non-Literary Topics

### Topic 1

## 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ

**(Socio-Economic Study of the Panjab (India) Since 1947)**

**Question 5**

**EITHER**

**5 (a)** ਪੰਜਾਬ ਵਿੱਚ ਬਹੁਤ ਸਾਰੇ ਲੋਕ ਹਿੰਦੀ ਜਾਂ ਅੰਗਰੇਜ਼ੀ ਬੋਲਣਾ ਚੰਗਾ ਸਮਝਦੇ ਹਨ ਅਤੇ ਪੰਜਾਬੀ ਬੋਲਣ ਵਿੱਚ ਹੀਣਤਾ ਮਹਿਸੂਸ ਕਰਦੇ ਹਨ । ਤੁਹਾਡੇ ਖਿਆਲ ਨਾਲ ਇਸ ਦੇ ਕੀ ਕਾਰਨ ਹਨ ਅਤੇ ਲੋਕਾਂ ਦੀ ਇਹ ਆਦਤ ਬਦਲਣ ਲਈ ਤੁਸੀਂ ਕੀ ਸਲਾਹ ਦਿਓਗੇ ? ਇੱਕ ਲੇਖ ਦੇ ਰੂਪ ਵਿੱਚ ਲਿਖੋ । *(30 marks)*

**OR**

**5 (b)** "ਪੰਜਾਬ ਵਿੱਚ ਬਾਲ - ਮਜ਼ਦੂਰੀ ਦੀ ਸਮੱਸਿਆ ਇੰਨੀ ਵਧ ਚੁੱਕੀ ਹੈ ਕਿ ਇਸ ਤੇ ਕਾਬੂ ਪਾਉਣਾ ਮੁਸ਼ਕਲ ਹੈ ।" ਇਸ ਸਮੱਸਿਆ ਦੇ ਕੀ ਕਾਰਨ ਹਨ ? ਇਸ ਸਮੱਸਿਆ ਦਾ ਹੱਲ ਕਰਨ ਲਈ ਆਪਣੇ ਸੁਝਾਅ ਇੱਕ ਲੇਖ ਦੇ ਰੂਪ ਵਿੱਚ ਲਿਖੋ । *(30 marks)*

**Turn over ▶**

## Topic 2

## ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ

**(The Panjabi Community in India and Abroad)**

**Question 6**

**EITHER**

**6 (a)** ਕਈ ਪੰਜਾਬੀ ਗਾਇਕ ਆਪਣੇ ਗੀਤਾਂ ਦੀ ਮਸ਼ਹੂਰੀ ਵਾਸਤੇ ਪੰਜਾਬੀ ਸਮਾਜ ਅਤੇ ਸਭਿਆਚਾਰ ਨੂੰ ਬਹੁਤ ਘਟੀਆ ਤਰੀਕੇ ਨਾਲ ਵਿਡੀਓ ਬਣਾ ਕੇ ਪੇਸ਼ ਕਰਦੇ ਹਨ। ਇਸ ਦੇ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਤੇ ਕੀ ਅਸਰ ਹੋ ਰਹੇ ਹਨ । ਇਸ ਬੁਰਾਈ ਨੂੰ ਰੋਕਣ ਲਈ ਤੁਸੀਂ ਕੀ ਸਲਾਹ ਦਿਓਗੇ ? *(30 marks)*

**OR**

**6 (b)** ਬਹੁਤ ਸਾਰੇ ਪੰਜਾਬੀ ਲੋਕ ਵਿਆਹਾਂ ਲਈ ਖਰੀਦਾਰੀ ਕਰਨ ਪੰਜਾਬ ਜਾਂਦੇ ਹਨ। ਤੁਹਾਡੇ ਵਿਚਾਰ ਅਨੁਸਾਰ ਇਸ ਦੇ ਕੀ ਫਾਇਦੇ ਅਤੇ ਕੀ ਨੁਕਸਾਨ ਹਨ ? ਇੱਕ ਲੇਖ ਦੇ ਰੂਪ ਵਿੱਚ ਲਿਖੋ। *(30 marks)*

**END OF QUESTIONS**

Copyright © 2013 AQA and its licensors. All rights reserved.